# Visit of External Affairs Minister to the Philippines (February 13-15, 2022)

February 15, 2022

.....................

## ਵਿਦੇਸ਼ ਮੰਤਰੀ ਵੱਲੋਂ ਫਿਲੀਪੀਨਜ਼ ਦਾ ਦੌਰਾ (ਫਰਵਰੀ 13-15, 2022)

**15 ਫਰਵਰੀ, 2022**

1. ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ 13-15 ਫਰਵਰੀ, 2022 ਤੱਕ ਫਿਲੀਪੀਨਜ਼ ਦਾ ਦੌਰਾ ਕੀਤਾ। ਵਿਦੇਸ਼ ਮੰਤਰੀ ਵਜੋਂ ਉਨ੍ਹਾਂ ਵੱਲੋਂ ਫਿਲੀਪੀਨਜ਼ ਦੀ ਇਹ ਪਹਿਲੀ ਫੇਰੀ ਸੀ।

2. ਵਿਦੇਸ਼ ਮੰਤਰੀ ਨੇ ਆਪਣੇ ਹਮਰੁਤਬਾ ਮਹਾਮਹਿਮ ਫਿਲੀਪੀਨਜ਼ ਦੇ ਵਿਦੇਸ਼ ਸਕੱਤਰ ਟੇਓਡੋਰੋ ਐਲ. ਲੋਕਸਿਨ ਜੂਨੀਅਰ ਨਾਲ ਦੁਵੱਲੀ ਮੀਟਿੰਗ ਕੀਤੀ। ਦੋਵਾਂ ਮੰਤਰੀਆਂ ਨੇ ਨਵੰਬਰ, 2020 ਵਿੱਚ ਦੁਵੱਲੇ ਸਹਿਯੋਗ ਬਾਰੇ ਸਾਂਝਾ ਕਮਿਸ਼ਨ, ਜਿਸ ਦੀ ਉਨ੍ਹਾਂ ਨੇ ਵਰਚੁਅਲ ਫਾਰਮੈਟ ਵਿੱਚ ਸਹਿ-ਪ੍ਰਧਾਨਗੀ ਕੀਤੀ ਸੀ, ਦੀ ਮੀਟਿੰਗ ਤੋਂ ਬਾਅਦ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਵਿਆਪਕ ਸਬੰਧਾਂ ਦੇ ਭਵਿੱਖੀ ਰੁਝਾਨ ਬਾਰੇ ਵੀ ਚਰਚਾ ਕੀਤੀ। ਦੋਵਾਂ ਮੰਤਰੀਆਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਵੀ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ।

3. ਮੰਤਰੀਆਂ ਨੇ ਦੁਵੱਲੇ ਸਬੰਧਾਂ ਵਿੱਚ ਵਾਪਰੇ ਹਾਲੀਆ ਰੁਝਾਨਾਂ ਦਾ ਸੁਆਗਤ ਕੀਤਾ, ਜਿਨ੍ਹਾਂ ਨੇ ਦੋਵਾਂ ਦੇਸ਼ਾਂ ਦੇ ਆਗੂਆਂ ਦੇ ਨਜ਼ਰੀਏ ਅਨੁਸਾਰ ਸਾਂਝੇ ਹਿੱਤਾਂ ਦੇ ਆਧਾਰ 'ਤੇ ਆਪਸੀ ਲਾਹੇਵੰਦ ਸਹਿਯੋਗ ਨੂੰ ਡੂੰਘਾ ਕਰਨ ਅਤੇ ਇਸਦਾ ਨਵੇਂ ਖੇਤਰਾਂ ਵਿੱਚ ਵਿਸਥਾਰ ਕਰਨ ਵਿੱਚ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਅੱਤਵਾਦ-ਰੋਧ, ਰੱਖਿਆ ਅਤੇ ਸਮੁੰਦਰੀ ਸੁਰੱਖਿਆ ਅਤੇ ਰੱਖਿਆ ਸਮਰੱਥਾਵਾਂ ਦੇ ਨਾਲ-ਨਾਲ ਫੌਜੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਲਈ ਅੱਗੇ ਕੰਮ ਉੱਤੇ ਸਹਿਮਤੀ ਦਿੱਤੀ।

4. ਤੇਜ਼ੀ ਨਾਲ ਵਧ ਰਹੀ ਬਾਜ਼ਾਰ ਅਰਥਵਿਵਸਥਾਵਾਂ ਹੋਣ ਦੇ ਨਾਤੇ ਦੋਨਾਂ ਦੇਸ਼ਾਂ ਦਰਮਿਆਨ ਪੂਰਕਤਾਵਾਂ ਅਤੇ ਸਪਲਾਈ ਚੇਨਾਂ ਨੂੰ ਵਨ ਸੁਵੰਨਾ ਬਣਾਉਣ ਵਿੱਚ ਸਾਂਝੇ ਹਿੱਤਾਂ ਦੇ ਮੱਦੇਨਜ਼ਰ ਉਨ੍ਹਾਂ ਨੇ ਖੇਤੀਬਾੜੀ, ਬੁਨਿਆਦੀ ਢਾਂਚਾ, ਸਿਹਤ ਅਤੇ ਦਵਾਈਆਂ, ਸੈਰ-ਸਪਾਟਾ, ICT, ਅਤੇ ਵਿਗਿਆਨ ਅਤੇ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਆਰਥਿਕ ਸਹਿਯੋਗ ਦੇ ਨਾਲ-ਨਾਲ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਵਧਾਉਣ ਲਈ ਯਤਨ ਕਰਨ ਉੱਤੇ ਸਹਿਮਤੀ ਦਿੱਤੀ। ਮੰਤਰੀਆਂ ਨੇ ਫਿਨਟੈਕ, ਨੀਲੀ ਅਰਥਵਿਵਸਥਾ, ਨਵਿਆਉਣਯੋਗ ਊਰਜਾ, ਪੁਲਾੜ, ਸਾਈਬਰ ਸੁਰੱਖਿਆ ਅਤੇ ਪਰੰਪਰਾਗਤ ਇਲਾਜ ਵਰਗੇ ਉੱਭਰ ਰਹੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਹਾਲੀਆ ਪਹਿਲਕਦਮੀਆਂ ਬਾਰੇ ਤੱਸਲੀ ਜ਼ਾਹਰ ਕੀਤੀ।

5. ਦੋਵਾਂ ਦੇਸ਼ਾਂ ਨੇ ਵਪਾਰ, ਸੈਰ-ਸਪਾਟਾ ਅਤੇ ਵਿਦਿਆਰਥੀਆਂ ਦੇ ਵਟਾਂਦਰੇ ਨੂੰ ਵਧਾਉਣ ਲਈ ਦੋਵੇਂ ਧਿਰਾਂ ਭਾਰਤ ਅਤੇ ਫਿਲੀਪੀਨਜ਼ ਦਰਮਿਆਨ ਸੌਖੀ ਵੀਜ਼ਾ ਪ੍ਰਣਾਲੀ ਦੀ ਲੋੜ 'ਤੇ ਸਹਿਮਤੀ ਦਿੱਤੀ।

ਵਿਦੇਸ਼ ਮੰਤਰੀ ਨੇ ਫਿਲੀਪੀਨਜ਼ ਵਿੱਚ ਭਾਰਤੀ ਮੈਡੀਕਲ ਵਿਦਿਆਰਥੀਆਂ ਦੀ ਜਲਦੀ ਵਾਪਸੀ ਨੂੰ ਸੁਖਾਲਾ ਬਣਾਉਣ ਵੱਲ ਫਿਲੀਪੀਨ ਸਰਕਾਰ ਦਾ ਧਿਆਨ ਦਿਵਾਇਆ।

6. ਦੋਵੇਂ ਮੰਤਰੀ ਬਹੁ-ਪੱਖੀ ਮੰਚਾਂ 'ਤੇ ਨੇੜਲਾ ਤਾਲਮੇਲ ਕਰਨ ਉੱਤੇ ਸਹਿਮਤ ਹੋਏ ਅਤੇ ਬਹੁਪੱਖੀ ਭਾਈਵਾਲੀ ਪ੍ਰਤੀ ਆਪਣੀ ਮਜ਼ਬੂਤ ਵਚਨਬੱਧਤਾ ਦੁਹਰਾਈ, ਜਿਸ ਨਾਲ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਦੋਨਾਂ ਲੋਕਤੰਤਰਾਂ ਦੀਆਂ ਵਿਕਾਸ ਦੀਆਂ ਇੱਛਾਵਾਂ ਅਤੇ ਸਾਂਝੀਆਂ ਤਰਜੀਹਾਂ ਨੂੰ ਹਾਸਲ ਕਰਨ ਵਿਚ ਮਦਦ ਮਿਲੇਗੀ।

7. ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਨੇ ਰੱਖਿਆ ਸਕੱਤਰ ਮਹਾਮਹਿਮ ਡੈਲਫਿਨ ਲੋਰੇਂਜ਼ਾਨਾ, ਵਿੱਤ ਸਕੱਤਰ ਮਹਾਮਹਿਮ ਕਾਰਲੋਸ ਡੋਮਿੰਗੁਏਜ਼ III ਅਤੇ ਖੇਤੀਬਾੜੀ ਸਕੱਤਰ ਮਹਾਮਹਿਮ ਡਾ: ਵਿਲੀਅਮ ਡਾਰ ਨਾਲ ਵੀ ਕ੍ਰਮਵਾਰ ਰੱਖਿਆ, ਵਿੱਤ ਅਤੇ ਖੇਤੀਬਾੜੀ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਮੁੱਦਿਆਂ ਬਾਰੇ ਚਰਚਾ ਕੀਤੀ।

8. ਵਿਦੇਸ਼ ਮੰਤਰੀ ਨੇ ਮਨੀਲਾ ਵਿੱਚ ਭਾਰਤੀ ਭਾਈਚਾਰੇ ਦੇ ਕੁਝ ਮੈਂਬਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਦੋਹਾਂ ਦੇਸ਼ਾਂ ਦੇ ਲੋਕਾਂ ਦਰਮਿਆਨ ਦੋਸਤੀ ਅਤੇ ਸਦਭਾਵਨਾ ਨੂੰ ਵਾਧਾ ਦੇਣ ਵਿੱਚ ਉਨ੍ਹਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਾਰਤ ਅਤੇ ਫਿਲੀਪੀਨਜ਼ ਦੇ ਲੋਕਾਂ ਦਰਮਿਆਨ ਸਾਂਝਾ ਪੁਲ ਬਣੇ ਰਹਿਣ ਦੀ ਅਪੀਲ ਕੀਤੀ।

ਨਵੀਂ ਦਿੱਲੀ
15 ਫਰਵਰੀ, 2022

DISCLAIMER: This is an approximate translation. The original is available in English on MEA’s website and may be referred to as the official press release.